# ਕਾਰਪੈਂਟਰ

## ਇਸ ਕਿੱਤੇ ਬਾਰੇ

ਕਾਰਪੈਂਟਰ ਢਾਂਚਿਆਂ ਦੇ ਅੰਦਰਲੇ ਅਤੇ ਬਾਹਰਲੇ ਹਿੱਸੇ ਬਣਾਉਣ ਲਈ ਲੱਕੜ, ਵਾਇਨਲ, ਪਲਾਸਟਿਕ ਅਤੇ ਹੋਰ ਸਾਮੱਗਰੀਆਂ ਨਾਲ ਕੰਮ ਕਰਕੇ ਆਰਕੀਟੈਕਟ ਦੇ ਬਲੂਪ੍ਰਿੰਟਸ ਨੂੰ ਜੀਵਤ ਕਰਦੇ ਹਨ। ਉਹ ਕਨਸਟਰੱਕਸ਼ਨ ਕੰਪਨੀਆਂ, ਤਰਖਾਣਾ ਕੰਮ ਕਰਨ ਵਾਲੇ ਠੇਕੇਦਾਰਾਂ ਅਤੇ ਸੰਭਾਲ ਕਰਨ ਵਾਲੇ ਵਿਭਾਗਾਂ ਨਾਲ ਕੰਮ ਕਰ ਸਕਦੇ ਹਨ ਜਾਂ ਉਹ ਆਪਣਾ ਕੰਮ ਕਰ ਸਕਦੇ ਹਨ।



"ਮੈਨੂੰ ਇਹ ਪਸੰਦ ਹੈ ਕਿ ਕੰਮ ਵਿਚ ਬਹੁਤ ਜ਼ਿਆਦਾ ਵੰਨਗੀ ਹੈ ਜਿਹੜੇ ਮੈਂ ਕਰ ਸਕਦਾ ਹਾਂ।"

**$16.56-$43.06 /ਪ੍ਰਤੀ ਘੰਟਾ**

ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

*BuildForce Canada

- ਤੁਹਾਡੇ ਕੋਲ ਦਰੁਸਤੀ ਦੇ ਅਤੇ ਮਕੈਨੀਕਲ ਹੁਨਰ ਹਨ।
- ਤੁਹਾਡੇ ਕੋਲ ਚੰਗਾ ਸੰਤੁਲਨ, ਸਰੀਰਕ ਤਾਕਤ ਅਤੇ ਕ੍ਰੀਏਟੀਵਿਟੀ ਹੈ।
- ਤੁਸੀਂ ਅੰਦਰ ਅਤੇ ਬਾਹਰ ਕੰਮ ਕਰਨਾ ਪਸੰਦ ਕਰਦੇ ਹੋ।

## ਜ਼ਿੰਮੇਵਾਰੀਆਂ

- ਬਲੂਪ੍ਰਿੰਟਸ, ਡਰਾਇੰਗਜ਼ ਅਤੇ ਨਕਸ਼ਿਆਂ ਨੂੰ ਪੜ੍ਹਨਾ
- ਲੱਕੜੀ ਜਾਂ ਲੱਕੜ ਦੇ ਬਦਲਾਂ ਤੋਂ ਬਣੀ ਹੋਈ ਸਾਮੱਗਰੀ ਨੂੰ ਮਿਣਨਾ, ਕੱਟਣਾ ਅਤੇ ਜੋੜਨਾ
- ਟ੍ਰਿਮ, ਦਰਵਾਜ਼ਿਆਂ, ਪੌੜ੍ਹੀਆਂ, ਮੋਲਡਿੰਗ ਅਤੇ ਹਾਰਡਵੇਅਰ ਨੂੰ ਫਿੱਟ ਕਰਨਾ ਅਤੇ ਲਗਾਉਣਾ
- ਲੱਕੜੀ ਦੇ ਰਿਹਾਇਸ਼ੀ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਚੌਖਟੇ ਖੜ੍ਹੇ ਕਰਨਾ
- ਕੰਕਰੀਟ ਲਈ ਫੋਰਮਵਰਕ ਅਤੇ ਫਾਲਸਵਰਕ ਜੋੜਨਾ ਅਤੇ ਖੜ੍ਹਾ ਕਰਨਾ
- ਵੱਖ ਵੱਖ ਤਰ੍ਹਾਂ ਦੇ ਢਾਂਚਿਆਂ ਨੂੰ ਰੈਨੋਵੇਟ ਅਤੇ ਫਿਕਸ ਕਰਨਾ
- ਬਾਹਰੀ ਅਤੇ ਅੰਦਰੂਨੀ ਫਿਨਿਸ਼ ਮਾਟੀਰੀਅਲ ਲਗਾਉਣਾ (ਜਿਵੇਂ ਕਿ ਸਾਈਡਿੰਗ, ਖਿੜਕੀਆਂ, ਕੈਬਨਿਟਾਂ)

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ:**
ਸਿਫਾਰਸ਼: ਇੰਗਲਿਸ਼ 10 ਜਾਂ ਅੰਗਰੇਜ਼ੀ ਬੋਲੀ ਵਿਚ ਮੁਹਾਰਤ | ਕੋਈ ਵੀ ਮੈਥ 10 | ਸਾਇੰਸ 10

**ਅਪਰੈਂਟਿਸਸ਼ਿਪ ਪ੍ਰੋਗਰਾਮ:**
4 ਸਾਲ, ਜਿਸ ਵਿਚ ਸਕੂਲ ਵਿਚ ਟਰੇਨਿੰਗ ਦੇ 840 ਘੰਟੇ, ਜੌਬ ਉੱਪਰ ਟਰੇਨਿੰਗ ਦੇ 6,360 ਘੰਟੇ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਬੀ.ਸੀ. ਸਰਟੀਫਿਕੇਟ ਔਫ ਕੁਆਲੀਫੀਕੇਸ਼ਨ ਅਤੇ ਰੈੱਡ ਸੀਲ ਸਰਟੀਫਿਕੇਟ (ਇੰਟਰਪ੍ਰੋਵਿੰਸ਼ਲ ਸਟੈਂਡਰਡ ਇਨਡੋਰਸਮੈਂਟ) ਦਿੱਤੇ ਜਾਂਦੇ ਹਨ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

ਅਪਰੈਂਟੇਸ਼ਿਪ ਦੀ ਮਿਆਦ ਦੀ ਲੰਬਾਈ ਨੂੰ ਘਟਾਉਣ ਲਈ ਸੰਭਵ ਤੌਰ `ਤੇ ਕਰੈਡਿਟ ਵਾਸਤੇ ਯੋਗ ਹੋਣ ਲਈ: ਪੜ੍ਹਾਈ ਦੇ ਪੂਰੇ ਕੀਤੇ ਹੋਏ ਕੋਰਸ ਜਾਂ ਕਾਰਪੈਂਟਰੀ ਨਾਲ ਸੰਬੰਧਿਤ ਕੰਮ ਦਾ ਤਜਰਬਾ।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ, ਕ੍ਰਿਟੀਕਲ ਸੋਚਣੀ ਅਤੇ ਸਮੱਸਿਆ ਦਾ ਹੱਲ ਕਰਨ ਦੇ ਹੁਨਰ
- ਸਰੀਰਕ ਤੰਦਰੁਸਤੀ ਅਤੇ 25 ਕਿਲੋਗ੍ਰਾਮ ਤੱਕ ਭਾਰ ਚੁੱਕਣ ਦੀ ਸਮਰੱਥਾ
- ਉਚਾਈਆਂ ਉੱਪਰ ਅਤੇ ਬੰਦ ਥਾਂਵਾਂ ਵਿਚ ਕੰਮ ਕਰਨ ਦੀ ਸਮਰੱਥਾ
- ਟੀਮ ਨਾਲ ਅਤੇ ਆਜ਼ਾਦ ਕੰਮ ਕਰਨ ਦੀ ਸਮਰੱਥਾ
- ਸੇਫਟੀ ਪ੍ਰਤੀ ਸੁਚੇਤ ਰਵਾਈਆ

College of the BC Building Trades

## ਕੀ ਤੁਹਾਨੂੰ ਪਤਾ ਸੀ?

ਸਾਲ 2019 ਵਿਚ ਬੀ.ਸੀ.ਦਾ ਮੁੱਖ ਟਰੇਡ ਕਿੱਤਾ ਕਾਰਪੈਂਟਰ ਸਨ, ਜੋ ਕਿ ਔਨਸਾਈਟ ਵਰਕਰਾਂ ਦੀ 40% ਦੀ ਨੁਮਾਇੰਦਗੀ ਕਰਦੇ ਸਨ।

info@collegeofthebcbt.ca | www.collegeofthebcbt.ca